Media Release

ਤੁਰੰਤ ਰਿਲੀਜ ਲਈ

# ਪਰਫੌਰਮਿੰਗ ਆਰਟਸ ਬ੍ਰੈਂਪਟਨ ਪੂਰਾ ਅਗਸਤ ਲਾਈਵ ਸੰਗੀਤ, ਥਿਏਟਰ ਅਤੇ ਸੱਭਿਆਚਾਰ ਨੂੰ ਪੇਸ਼ ਕਰ ਰਿਹਾ ਹੈ

ਬ੍ਰੈਂਪਟਨ, ਓਨਟੈਰੀਓ (12 ਅਗਸਤ, 2022) – ਸਿਟੀ ਆਫ ਬ੍ਰੈਂਪਟਨ, ਗਾਰਡਨ ਸਕਵੇਅਰ (Garden Square) ਅਤੇ ਦ ਰੋਜ ਬ੍ਰੈਂਪਟਨ (The Rose Brampton), ਦੋਵਾਂ ਵਿੱਚ ਇਸ ਗਰਮੀ, ਸਾਰਿਆਂ ਦੇ ਅਨੰਦ ਮਾਣਨ ਲਈ, ਲਾਈਵ ਸੰਗੀਤ, ਥਿਏਟਰੀਕਲ ਮਨੋਰੰਜਨ ਅਤੇ ਸੱਭਿਆਚਾਰ ਨੂੰ ਪੇਸ਼ ਕਰਨ ਲਈ ਉਤਸ਼ਾਹਿਤ ਹੈ।

ਪਰਫੌਰਮਿੰਗ ਆਰਟਸ ਬ੍ਰੈਂਪਟਨ (Performing Arts Brampton), ਹੇਠਾਂ ਲਿਖੇ ਸ਼ੋਅਜ ਦੀ ਮੇਜਬਾਨੀ ਕਰ ਰਿਹਾ ਹੈ:

**ਸਟੌਂਪ ਐਨ ਸਟੈਂਪੀਡ (Stomp N Stampede) – 13 ਅਗਸਤ, ਸ਼ਾਮ 4 ਵਜੇ ਤੋਂ ਰਾਤ 8 ਵਜੇ ਤੱਕ, ਗਾਰਡਨ ਸਕਵੇਅਰ ਬ੍ਰੈਂਪਟਨ**

ਆਪਣੀ ਚਰਵਾਹਾ ਟੋਪੀ ਅਤੇ ਬੂਟ ਲਵੋ - ਅਤੇ ਹੋ ਸਕੇ ਤਾਂ ਡਾਂਸਿੰਗ ਪਾਰਟਨਰ ਵੀ! ਸਟੌਂਪ ਐਨ' ਸਟੈਂਪੀਡ, 13 ਅਗਸਤ ਨੂੰ ਕੰਟ੍ਰੀ ਦੀਆਂ ਸਾਰੀਆਂ ਚੀਜ਼ਾਂ ਦਾ ਜਸ਼ਨ ਮਨਾਉਣ ਲਈ ਗਾਰਡਨ ਸਕਵੇਅਰ ਵਿੱਚ ਵਾਪਸ ਆ ਗਿਆ ਹੈ! ਮੇਜਬਾਨ ਡੀ.ਜੇ. ਜੌਨੀ ਰਿਵੇਕਸ (Johnny Rivex) ਸਪਿਨਿੰਗ ਲਾਈਵ ਅਤੇ ਹੈੱਡਲਾਈਨਰ ਨਿਕੋਲ ਰੇ (Nicole Rayy) ਦੀਆਂ ਪਰਫੌਰਮੈਂਸੇਜ ਦਾ ਅਨੰਦ ਮਾਣੋ। ਨਾਲ ਹੀ,ਰੋਜ ਡਬਲ ਟ੍ਰਬਲ (Double Trouble) ਲਾਈਨ ਡਾਂਸਰਾਂ ਤੋਂ ਲਾਈਨ ਡਾਂਸਿੰਗ ਲੈਸਨ ਨਾ ਛੱਡੋ।

**ਐਕਰੋਸ ਦ ਪੌਂਡ (Across The Pond) – 25 ਅਗਸਤ, ਰਾਤ 8 ਵਜੇ, ਦ ਰੋਜ ਬ੍ਰੈਂਪਟਨ**

ਲੀਜਾ ਵੇ (Leisa Way) ਅਤੇ ਬੇਹੱਦ ਪ੍ਰਤਿਭਾਵਾਨ 5-ਪੀਸ ਲੋਨਲੀ ਹਾਰਟਸ ਕਲੱਬ ਬੈਂਡ (Lonely Hearts Club Band) ਦੇ ਨਾਲ ਜੁੜੋ, ਜਦੋਂ ਉਹ ਤੁਹਾਨੂੰ ਇੱਕ ਇਲੈਕਟ੍ਰੀਫਾਇੰਗ ਮਿਊਜੀਕਲ ਐਡਵੈਂਚਰ ਤੇ ਲੈ ਜਾਣਗੇ। ਇਤਿਹਾਸ ਦੇ ਸ਼ਾਨਦਾਰ ਸਮੇਂ ਵਿੱਚ ਜਾਓ, ਜਦੋਂ ਲਿਵਰਪੂਲ (Liverpool) ਦੇ ਚਾਰ ਘਣੇ ਵਾਲਾਂ ਵਾਲੇ ਲੜਕਿਆਂ ਦੇ ਵੱਲੋਂ ਬ੍ਰਿਟਿਸ਼ ਪੌਪ ਮਿਊਜਿਕ "ਐਕਰੋਸ ਦਾ ਪੌਂਡ" ਪੇਸ਼ ਕੀਤਾ ਜਾਵੇਗਾ, ਜਿਹਨਾਂ ਨੂੰ ਬਹੁਤ ਜ਼ਿਆਦਾ ਪ੍ਰਸਿੱਧੀ ਮਿਲੀ ਹੈ। ਪੂਰੇ ਨੌਰਥ ਅਮਰੀਕਾ ਵਿੱਚ ਤੇਜ਼ੀ ਨਾਲ ਫੈਲਦੇ ਹੋਏ, ਇਹ "ਦ ਬ੍ਰਿਟਿਸ਼ ਇਨਵੇਜਨ" ("The British Invasion") ਦੇ ਨਾਮ ਨਾਲ ਪ੍ਰਸਿੱਧ ਹੋ ਗਿਆ ਅਤੇ ਕੋਡ ਵਰਡ, “ਬੀਟਲਮਨਿਆ” (“Beatlemania”) ਨਾਲ ਸ਼ੁਰੂ ਹੋਣ ਲੱਗ ਪਿਆ!

ਐਕਰੋਸ ਦ ਪੌਂਡ, ਸੰਗੀਤ ਦੀ ਬਾਦਸ਼ਾਹੀ ਨੂੰ ਸਲਾਮ ਕਰਦੇ ਹੋਏ, ਬ੍ਰਿਟਿਸ਼ ਪੌਪ ਅਤੇ ਰੌਕ ਮਿਊਜਿਕ ਦੇ 50 ਸਾਲਾਂ ਦਾ ਜਸ਼ਨ ਮਨਾਉਂਦਾ ਹੈ ਅਤੇ 60 ਦੇ ਦਹਾਕੇ ਤੋਂ ਲੈ ਕੇ ਅੱਜ ਦੇ ਸਭ ਤੋਂ ਵੱਡੇ ਸਟਾਰਸ ਦੇ ਰੋਮਾਂਚਕ ਹਿਟਸ ਪੇਸ਼ ਕਰਦਾ ਹੈ, ਜਿਵੇਂ: ਦ ਬੀਟਲਸ (The Beatles), ਦ ਰੋਲਿੰਗ ਸਟੋਨਸ (The Rolling Stones), ਐਲਟਨ ਜੌਨ (Elton John), ਟੌਮ ਜੋਨਸ (Tom Jones), ਐਲਵਿਸ ਕੋਸਟੇਲੋ (Elvis Costello), ਦ ਵ੍ਹੂ (The Who), ਸਟਿੰਗ ਐਂਡ ਦ ਪੁਲਿਸ (Sting & the Police); ਐਨੀ ਲੇਨੋਕਸ (Annie Lennox), ਦ ਕਿੰਕਸ (The Kinks) ਅਤੇ ਕਈ ਹੋਰ! ਇਸ ਕਮਾਲ ਦੇ ਹਿਟ ਕੋਨਸਰਟ ਵਿੱਚ ਅਨੰਦ ਦੀ ਰਾਤ ਲਈ ਆਪਣੇ ਡਾਂਸਿੰਗ ਬੂਟ ਪਾਓ, ਜਿਸਨੂੰ ਤੁਸੀਂ ਖੁੰਝਾਉਣਾ ਨਹੀਂ ਚਾਹੋਗੇ!

**ਮਾਨਸੂਨ ਸਾਊਂਡ (Monsoon Sound) – 27 ਅਗਸਤ, ਸ਼ਾਮ 7 ਵਜੇ, ਦ ਰੋਜ ਬ੍ਰੈਂਪਟਨ ਲੈਬੀ**

ਪਰਫੌਰਮਿੰਗ ਆਰਟਸ ਬ੍ਰੈਂਪਟਨ ਨੂੰ ਅਜਿਹੀ ਕਮਿਉਨਿਟੀ ਲਈ ਕੰਮ ਕਰਨ ਤੇ ਮਾਣ ਹੈ, ਜਿੱਥੇ ਇਸਦੇ 44.3 ਨਿਵਾਸੀ, ਸਾਊਥ ਏਸ਼ੀਅਨ ਵੰਸ਼ ਤੋਂ ਹਨ। ਇਸ ਖੂਬਸੂਰਤ ਮੋਜੈਕ ਵਿੱਚ ਸੰਪੰਨ ਹੋ ਰਹੀਆਂ, ਨੌਜਵਾਨ ਸਾਊਥ ਏਸ਼ੀਅਨ ਕਮਿਉਨਿਟੀਜ, ਨਵੀਆਂ ਅਵਾਜ਼ਾਂ ਅਤੇ ਪ੍ਰਗਟਾਵੇ ਦੇ ਨਵੇਂ ਰੂਪਾਂ ਦੇ ਨਾਲ ਉੱਭਰ ਰਹੀਆਂ ਹਨ। ਸਾਊਥ ਏਸ਼ੀਅਨ ਹਿਪ ਹੌਪ ਦੇ ਵਿਕਸਿਤ ਹੋਣ ਦੇ ਨਾਲ ਵੱਖ-ਵੱਖ ਸੱਭਿਆਚਾਰਾਂ ਦੇ ਬੇਜੋੜ ਮਿਸ਼ਰਣ ਦੇਖੋ, ਜਿੱਥੇ ਭੰਗੜੇ ਵਰਗੀਆਂ ਪਰੰਪਰਿਕ

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

ਸਾਊਂਡਸ, ਹਰ ਕਿਸੇ ਨਾਲ ਘੁਲਮਿਲ ਜਾਂਦੀਆਂ ਹਨ, ਕਲਾਸਿਕ ਬੂਮ-ਬੈਪ, ਸਮੂਦ ਜੈਜ਼-ਰੈਪ ਤੋਂ ਲੈ ਕੇ ਟ੍ਰੈਪ ਬੀਟਸ ਤੱਕ, ਨੋਇਜ਼ (Noyz) ਵੱਲੋਂ ਤਿਆਰ ਕੀਤੇ ਮੁਫਤ ਸਾਊਥ ਏਸ਼ੀਅਨ ਹਿਪ ਹੌਪ ਫੈਸਟੀਵਲ ਵਿੱਚ ਪੇਸ਼ ਕੀਤਾ ਜਾਵੇਗਾ:

- ਸਿਖ ਨੌਲੇਜ ਐਂਡ ਹੇ ਬੰਬੇ (Sikh Knowledge & Hey Bombay)
- ਡੀ.ਜੇ. ਰੋਸ਼ਨੀ (DJ Roshanie)
- ਸਿਧਾਰਥ (Siddartha)
- ਕੇਰਾਲੰਕਾ (Keralanka)
- ਤਨਵੀਰ ਰੋਜ (Tanvir Rose)
- ਸਪਿੱਟੀ (Spitty)

**ਸਤੰਬਰ ਵਿੱਚ ਹੋਣ ਵਾਲੇ ਪ੍ਰੋਗਰਾਮ**

**ਫਲੋ ਫੈਸਟ (Flow Fest) – 17 ਸਤੰਬਰ, ਸ਼ਾਮ 7:30 ਵਜੇ, ਦ ਰੋਜ ਬ੍ਰੈਂਪਟਨ**

ਪਹਿਲੇ ਫਲੋ ਫੈਸਟ, ਬ੍ਰੈਂਪਟਨ ਇੰਟਰਨੈਸ਼ਨਲ ਡ੍ਰਮਿੰਗ ਫੈਸਟੀਵਲ (Brampton International Drumming Festival) ਵਿੱਚ ਆਪਣੇ ਧੜਕਦੇ ਦਿਲਾਂ ਨੂੰ ਖੋਲ੍ਹੋ! ਇਸ ਰੋਮਾਂਚਕ ਸ਼ਾਮ ਵਿੱਚ ਹੈੱਡਲਾਈਨਰਸ, ਦ ਲਾਰਨੇਲ ਲੇਵਿਸ ਬੈਂਡ (The Larnell Lewis Band) ਅਤੇ ਦ ਜੋਏ ਲੈਪਸ ਪ੍ਰੋਜੈਕਟ (The Joy Lapps Project) ਨੂੰ ਪੇਸ਼ ਕੀਤਾ ਜਾਵੇਗਾ। ਗ੍ਰੈਮੀ ਅਵਾਰਡ ਜੇਤੂ, ਬ੍ਰੈਂਪਟਨ ਵਿੱਚ ਪਲੇ-ਵਧੇ ਸੰਗੀਤਕਾਰ, ਕੰਪੋਜਰ ਅਤੇ ਐਜੁਕੇਟਰ, ਲਾਰਨੇਲ ਲੇਵਿਸ ਅਤੇ ਗ੍ਰੈਮੀ-ਨਾਮਾਂਕਿਤ ਸੰਗੀਤਕਾਰ, ਕੰਪੋਜਰ ਅਤੇ ਐਜੁਕੇਟਰ, ਜੋਏ ਲੈਪਸ, ਐਫਰੋ-ਕੈਰੇਬਿਅਨ (Afro-Caribbean) ਅਤੇ ਜੈਜ਼ ਗਾਇਕ ਮੰਡਲੀਆਂ ਦੇ ਮਿਊਜੀਕਲ ਫਿਊਜਨ ਦੀ ਅਗਵਾਈ ਕਰਨਗੇ, ਜੋ ਦਰਸ਼ਕਾਂ ਦੇ ਦਿਲਾਂ ਨੂੰ ਜ਼ਰੂਰ ਇਕੱਠੇ ਕਰੇਗਾ।

ਕੈਨੇਡਾ ਦੀਆਂ ਨੌਜਵਾਨਾਂ ਦੀ ਅਗਵਾਈਆਂ ਵਾਲੀਆਂ ਪ੍ਰੀਮੀਅਰ ਗਾਇਕ ਮੰਡਲੀਆਂ ਵਿੱਚੋਂ ਇੱਕ, ਨਗੋਮਾ (Ngoma) ਦੇ ਨਾਲ ਡਾਂਸ, ਡ੍ਰਮ ਅਤੇ ਪਾਰਟੀ। ਰਾਤ ਇੱਥੇ ਹੀ ਨਹੀਂ ਰੁਕਦੀ – ਡੀ.ਜੇ. ਜੋਸ਼ੁਆ ਲਿਊਕਸ (Joshua Lucas) ਦੇ ਨਾਲ, ਘੁੰਮਦੀਆਂ ਮਿਊਜੀਕਲ ਮੰਡਲੀਆਂ, ਭੋਜਨ, ਕਲਾ ਪ੍ਰਦਰਸ਼ਨੀ ਆਦਿ ਦੇ ਨਾਲ, ਦਰਸ਼ਕ ਡ੍ਰਮਿੰਗ, ਸੰਗੀਤ ਅਤੇ ਪੂਰੀ ਦੁਨੀਆ ਦੇ ਸੱਭਿਆਚਾਰ ਦੀ ਇੱਕ ਸ਼ਾਮ ਵਿੱਚ ਪੂਰੀ ਤਰ੍ਹਾਂ ਲੀਨ ਹੋ ਜਾਣਗੇ।

ਪਰਫੌਰਮਿੰਗ ਆਰਟਸ ਬ੍ਰੈਂਪਟਨ ਦੇ ਸ਼ੈਡਿਊਲ ਕੀਤੇ ਸ਼ੋਅਜ ਬਾਰੇ, ਇੱਥੇ (here) ਹੋਰ ਜਾਣਕਾਰੀ ਪ੍ਰਾਪਤ ਕਰੋ।

**ਹਵਾਲੇ**

"ਪਰਫੌਰਮਿੰਗ ਆਰਟਸ ਬ੍ਰੈਂਪਟਨ, ਲਗਾਤਾਰ ਸਤੰਬਰ ਵਿੱਚ ਨਿਵਾਸੀਆਂ ਅਤੇ ਆਉਣ ਵਾਲਿਆਂ ਲਈ, ਲਾਈਵ ਸੰਗੀਤ, ਥਿਏਟਰ ਅਤੇ ਸੱਭਿਆਚਾਰਕ ਅਨੁਭਵਾਂ ਦਾ ਸ਼ਾਨਦਾਰ ਲਾਈਨਅਪ ਪੇਸ਼ ਕਰਦਾ ਹੈ! ਗਰਮੀ ਦੇ ਇਹਨਾਂ ਬਾਕੀ ਹਫਤਿਆਂ ਦੀ ਯੋਜਨਾ ਬਣਾਉਂਦੇ ਸਮੇਂ ਸਾਰੇ ਸ਼ੈਡਿਊਲ ਕੀਤੇ ਸ਼ੋਅਜ ਤੇ ਜ਼ਰੂਰ ਨਜ਼ਰ ਮਾਰੋ। ਇੱਥੇ ਹਰ ਕਿਸੇ ਦੇ ਅਨੰਦ ਮਾਣਨ ਲਈ ਕੁਝ ਨਾ ਕੁਝ ਹੈ।"

*- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਪਰਫੌਰਮਿੰਗ ਆਰਟਸ ਬ੍ਰੈਂਪਟਨ, ਲਗਾਤਾਰ ਨਿਵਾਸੀਆਂ ਅਤੇ ਆਉਣ ਵਾਲਿਆਂ ਦੇ ਅਨੰਦ ਮਾਣਨ ਲਈ ਰੋਮਾਂਚਕ ਅਤੇ ਵੰਨ-ਸੁਵੰਨੇ ਅਨੁਭਵ ਪੇਸ਼ ਕਰਦਾ ਹੈ! ਬ੍ਰੈਂਪਟਨ ਇੱਕ ਮੋਜੈਕ ਹੈ ਅਤੇ ਸਾਡੇ ਸੱਭਿਆਚਾਰਕ ਅਨੁਭਵ, ਸਾਡੀ ਕਮਿਉਨਿਟੀ ਨੂੰ ਸੰਪੰਨ ਬਣਾਉਣ ਵਿੱਚ ਮਦਦ ਕਰਦੇ ਹਨ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਇਹਨਾਂ ਬੇਜੋੜ ਸੰਗੀਤਮਈ ਅਤੇ ਮਨੋਰੰਜਕ ਸ਼ੋਅਜ ਦਾ ਅਨੰਦ ਮਾਣੋ!"

*- ਰੋਏਨਾ ਸੈਨਟੋਸ (Rowena Santos), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਕਮਿਉਨਿਟੀ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 70,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

**ਮੀਡੀਆ ਸੰਪਰਕ**

ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ

multiculturalmedia@brampton.ca